**ਭਾਸ਼ਾ ਵਿਭਾਗ, ਪੰਜਾਬ**

**ਸਰਵੋਤਮ ਸੰਸਕ੍ਰਿਤ ਪੁਸਤਕ ਪੁਰਸਕਾਰ ਨਿਯਮ**

1.0 **ਪੁਰਸਕਾਰ :** ਸਰਵੋਤਮ ਸੰਸਕ੍ਰਿਤ ਪੁਸਤਕ ਪੁਰਸਕਾਰ ਹੇਠ ਲਿਖੇ ਅਨੁਸਾਰ ਹਨ:

1.1 ਕਾਲੀਦਾਸ ਪੁਰਸਕਾਰ 31,000/- ਰੁ.

**** ਇਸ ਪਰਸਕਾਰ ਲਈ ਕੋਈ ਵੀ ਸੰਸਕ੍ਰਿਤ ਭਾਸ਼ਾ ਦਾ ਲੇਖਕ/ਵਿਦਵਾਨ ਆਪਣੀ ਨਿਰਧਾਰਤ ਸਾਲ ਦੀ ਕਿਸੇ ਵੀ ਵੰਨਗੀ ਦੀ ਪਸਤਕ ਭੇਜ ਸਕਦਾ ਹੈ।***

2.0 **ਮੁਲਾਂਕਣ ਵਿਧੀ**

2.1 ਉਪਰੋਕਤ ਪੁਰਸਕਾਰ ਲਈ ਲੇਖਕ ਸਬੰਧਤ ਸਾਲ ਦੀਆਂ 04 ਪੁਸਤਕਾਂ ਸਮੇਤ ਨਿਰਧਾਰਿਤ ਫਾਰਮ ਭਰ ਕੇ ਐਲਾਨੀ ਮਿਤੀ ਤੋਂ ਪਹਿਲਾਂ-ਪਹਿਲਾਂ ਦਸਤੀ ਜਾਂ ਡਾਕ ਰਾਹੀਂ ਵਿਭਾਗ ਵਿੱਚ ਜਮ੍ਹਾਂ ਕਰਵਾਏਗਾ।

2.2 ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਸੰਸਕ੍ਰਿਤ ਪੁਸਤਕ ਪੁਰਸਕਾਰ ਮੁਕਾਬਲੇ ਵਿੱਚ ਤਿੰਨ ਵਿਦਵਾਨ ਮੁਲਾਂਕਣਕਾਰਾਂ ਕੋਲੋਂ ਮੁਲਾਂਕਣ ਕਰਵਾਇਆ ਜਾਵੇਗਾ ਅਤੇ ਤਿੰਨੋਂ ਮੁਲਾਂਕਣਕਾਰਾਂ ਦੇ ਅੰਕਿਤ ਕੀਤੇ ਨੰਬਰਾਂ ਦੇ ਜੋੜ ਦੇ ਆਧਾਰ 'ਤੇ ਉਸ ਪੁਸਤਕ ਨੂੰ ਪੁਰਸਕਾਰ ਐਲਾਨਿਆ ਜਾਵੇਗਾ ਜਿਸ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣਗੇ ਅਤੇ ਇਹ ਅੰਕ 60 ਫੀਸਦੀ ਤੋਂ ਵੱਧ ਹੋਣੇ ਚਾਹੀਦੇ ਹਨ।

2.3 ਜੇਕਰ ਦੋ ਜਾਂ ਦੋ ਤੋਂ ਵੱਧ ਪੁਸਤਕਾਂ ਦੇ ਕੁੱਲ ਅੰਕ ਬਰਾਬਰ ਹੋਣ ਤਾਂ ਡਾਇਰੈਕਟਰ ਭਾਸ਼ਾਵਾਂ ਨੂੰ ਚੌਥਾ ਮੁਲਾਂਕਣਕਾਰ ਨਿਯੁਕਤ ਕਰਨ ਦਾ ਅਧਿਕਾਰ ਹੋਵੇਗਾ।

2.4 ਜੇਕਰ ਪੁਸਤਕ ਵਿੱਚ ਕੁਝ ਇਤਰਾਜ਼ਯੋਗ ਪਾਇਆ ਜਾਂਦਾ ਹੈ ਤਾਂ ਐਲਾਨਿਆ ਪੁਰਸਕਾਰ ਰੋਕਿਆ ਜਾ ਸਕਦਾ ਹੈ ਜਾਂ ਦੂਜੇ ਸਮਰੱਥ ਲੇਖਕ ਨੂੰ ਦਿੱਤਾ ਜਾ ਸਕਦਾ ਹੈ।

3.0 **ਸਰਵੋਤਮ ਪੁਸਤਕ ਪੁਰਸਕਾਰ ਵਿਚ ਭਾਗ ਲੈਣ ਲਈ ਸ਼ਰਤਾਂ**

3.1 ਲੇਖਕ ਮੌਜੂਦਾ ਪੰਜਾਬ ਦਾ ਜੰਮਪਲ ਅਤੇ ਵਾਸੀ ਹੋਵੇ ਜਾਂ

ਆਜ਼ਾਦੀ ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ

01 ਨਵੰਬਰ 1966 ਤੋਂ ਪਹਿਲੇ ਪੰਜਾਬ ਦਾ ਜੰਮਪਲ ਹੋਵੇ ਜਾਂ

ਜੇਕਰ ਲੇਖਕ ਪੰਜਾਬੋਂ ਬਾਹਰਲਾ ਜੰਮਪਲ ਹੈ ਪਰ ਹੁਣ ਪਿਛਲੇ 15 ਸਾਲ ਤੋਂ ਪੰਜਾਬ ਦਾ ਵਸਨੀਕ ਹੈ ਤਾਂ ਉਸ ਨੂੰ ਰਿਹਾਇਸ਼ ਸਰਟੀਫਿਕੇਟ ਦੇਣਾ ਹੋਵੇਗਾ ਜਿਹੜਾ ਉਪ-ਮੰਡਲ ਮੈਜਿਸਟਰੇਟ/ਤਹਿਸੀਲਦਾਰ ਪਾਸੋਂ ਤਸਦੀਕ ਕੀਤਾ ਗਿਆ ਹੋਵੇ।

3.2 ਮੁਕਾਬਲੇ ਲਈ ਕੇਵਲ ਉਹੀ ਪੁਸਤਕ ਵਿਚਾਰੀ ਜਾਵੇਗੀ ਜੋ ਅਧਿਸੂਚਿਤ ਸਮੇਂ/ਸਾਲ (ਉਦਾਹਰਨ ਦੇ ਤੌਰ 'ਤੇ 01 ਜਨਵਰੀ 2024 ਤੋਂ 31.12.2024 ਤੱਕ ਛਪੀਆਂ ਪੁਸਤਕਾਂ 2025 ਦੇ ਸਰਵੋਤਮ ਪੁਸਤਕ ਪੁਰਸਕਾਰਾਂ ਲਈ ਭੇਜੀਆਂ ਜਾ ਸਕਦੀਆਂ ਹਨ) ਦੌਰਾਨ ਪ੍ਰਕਾਸ਼ਿਤ ਹੋਈ ਹੋਵੇ ਅਤੇ ਜਿਸ 'ਤੇ ਆਈ.ਐੱਸ.ਬੀ.ਐੱਨ. ਨੰਬਰ ਲੱਗਿਆ ਹੋਵੇ।

3.3 ਪੁਸਤਕ ਮੌਲਿਕ ਅਤੇ ਨਿਰੋਲ ਸੰਸਕ੍ਰਿਤ ਵਿੱਚ ਹੋਣੀ ਚਾਹੀਦੀ ਹੈ, ਦੁਭਾਸ਼ੀ ਨਹੀਂ ਹੋਣੀ ਚਾਹੀਦੀ ਅਤੇ ਪੁਸਤਕ ਦਾ ਪਹਿਲਾ ਸੰਸਕਰਨ(ਐਡੀਸ਼ਨ) ਹੋਣਾ ਚਾਹੀਦਾ ਹੈ। ਪੁਸਤਕ ਲੇਖਕ ਦੀ ਕਿਸੇ ਹੋਰ ਭਾਸ਼ਾ ਵਿੱਚ ਛਪੀ ਪੁਸਤਕ ਦਾ ਅਨੁਵਾਦ ਨਾ ਹੋਵੇ। ਲੇਖਕ ਯਕੀਨੀ ਬਣਾਏਗਾ ਕਿ ਪੁਸਤਕ ਭਾਸ਼ਾ ਵਿਭਾਗ ਦੇ ਕਿਸੇ ਹੋਰ ਮੁਕਾਬਲੇ ਵਿੱਚ ਪਹਿਲਾਂ ਨਹੀਂ ਭੇਜੀ ਗਈ।

3.4 ਉਹ ਪੁਸਤਕਾਂ ਨੂੰ ਵੀ ਪੁਰਸਕਾਰ ਲਈ ਵਿਚਾਰਿਆ ਜਾਵੇਗਾ ਜੋ ਭਾਵੇਂ ਲੇਖਕ ਨੇ ਖੁਦ ਨਾ ਭੇਜੀਆਂ ਹੋਣ। ਇਹ ਪੁਸਤਕਾਂ ਪ੍ਰਕਾਸ਼ਕ, ਪਾਠਕ ਜਾਂ ਲੇਖਕ ਦਾ ਕੋਈ ਸਬੰਧੀ/ਦੋਸਤ ਵੀ ਭੇਜ ਸਕਦਾ ਹੈ। ਸ਼ਾਮਲ ਹੋਣੋ ਰਹਿ ਗਈਆਂ ਪੁਸਤਕਾਂ ਬਾਰੇ ਜੇਕਰ ਪਤਾ ਲੱਗਦਾ ਹੈ ਤਾਂ ਵਿਭਾਗ ਵੀ ਆਪਣੇ ਪੱਧਰ ’ਤੇ ਸਬੰਧਤ ਸਾਲ ਦੀਆਂ ਪੁਸਤਕਾਂ ਸ਼ਾਮਲ ਕਰ ਸਕਦਾ ਹੈ।

4.0 **ਜੋ ਭਾਗ ਨਹੀਂ ਲੈ ਸਕਦੇ**

- ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ
- ਸਾਹਿਤ ਰਤਨ ਪੁਰਸਕਾਰ ਵਿਜੇਤਾ
- ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਵਿਜੇਤਾ
- ਭਾਰਤੀ ਸਾਹਿਤ ਅਕਾਦਮੀ ਦੀ ‘ਯੁਵਾ ਸਾਹਿਤ ਪੁਰਸਕਾਰ’ ਵਿਜੇਤਾ ਪੁਸਤਕ
- ਭਾਰਤੀ ਸਾਹਿਤ ਅਕਾਦਮੀ ਦੀ ‘ਬਾਲ ਸਾਹਿਤ’ ਪੁਰਸਕਾਰ ਵਿਜੇਤਾ ਪੁਸਤਕ
- ਭਾਸ਼ਾ ਵਿਭਾਗ ਦੇ ਮੌਜੂਦਾ ਕਰਮਚਾਰੀ/ਅਧਿਕਾਰੀ

4.1 ਪਹਿਲਾਂ ਕਿਸੇ ਵੀ ਰੂਪ ਵਿੱਚ ਛਪੀ ਸਮੱਗਰੀ ਨੂੰ ਨਵੀਂ ਪੁਸਤਕ ਦੇ ਰੂਪ ਵਿੱਚ ਛਾਪ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ। ਭਾਵ ਇੱਕ ਜਾਂ ਇੱਕ ਤੋਂ ਵਧੇਰੇ ਭਾਗਾਂ ਵਿੱਚ ਛਪੀਆਂ ਪੁਸਤਕਾਂ ਨੂੰ ਸੰਪਾਦਿਤ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਛਪਵਾ ਕੇ ਪੁਰਸਕਾਰ ਲਈ ਬਿਨੈ ਪੱਤਰ ਨਹੀਂ ਦਿੱਤਾ ਜਾ ਸਕਦਾ।

5.0 ਬਿਨੈ ਪੱਤਰ ਭੇਜਣ ਵਾਲਾ ਲੇਖਕ ਜਾਂ ਹੋਰ ਇਹ ਤਸਦੀਕ ਕਰੇਗਾ ਕਿ ਉਸ ਨੇ ਉਪਰੋਕਤ ਨਿਯਮਾਂ ਨੂੰ ਧਿਆਨ ਨਾਲ ਪੜ੍ਹ ਲਿਆ ਹੈ ਅਤੇ ਉਹ ਇਨ੍ਹਾਂ ਨਿਯਮਾਂ ਦੇ ਆਧਾਰ ’ਤੇ ਹੀ ਆਪਣੀ ਪੁਸਤਕ ਮੁਕਾਬਲੇ ਲਈ ਭੇਜ ਰਿਹਾ ਹੈ।

6.0 **ਡਾਇਰੈਕਟਰ, ਭਾਸ਼ਾ ਵਿਭਾਗ ਨਿਯਮਾਂ ਵਿੱਚ ਕਿਸੇ ਸਮੇਂ ਵੀ ਤਬਦੀਲੀ ਕਰਨ ਲਈ ਸਮਰੱਥ ਅਧਿਕਾਰੀ ਹੋਣਗੇ।**

**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**

ਪਿੱਠਅੰਕਣ ਨੰ. (ਸੰਸਕ੍ਰਿਤ ਵਿਕਾਸ)-2025/ 49　　　　ਮਿਤੀ, ਪਟਿਆਲਾ/ 24-1-2025

ਉਤਾਰਾ:-

1. ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ, ਪੰਜਾਬ ਜੀ ਉਕਤ ਨਿਯਮਾਂ ਦੀ ਕਾਪੀ ਸੂਚਨਾ ਹਿਤ ਭੇਜੀ ਜਾਂਦੀ ਹੈ।

**ਡਿਪਟੀ ਡਾਇਰੈਕਟਰ (ਸੰਸਕ੍ਰਿਤ ਵਿਕਾਸ)**
**ਭਾਸ਼ਾ ਵਿਭਾਗ, ਪੰਜਾਬ**

## ਭਾਸ਼ਾ ਵਿਭਾਗ, ਪੰਜਾਬ
## ਸਰਵੋਤਮ ਸੰਸਕ੍ਰਿਤ ਪੁਸਤਕ ਪੁਰਸਕਾਰ ਲਈ ਬਿਨੈਪੱਤਰ

1. ਪੁਸਤਕ ਦਾ ਨਾਂ........................................................................................................

2.ਵਿਧਾ/ਵੰਨਗੀ..........................................................................................................

3. ਲੇਖਕ ਦਾ ਨਾਂ..........................................ਮੋਬਾਇਲ ਨੰਬਰ.......................................

4. ਪੁਰਸਕਾਰ ਦਾ ਨਾਂ...................................................................................................

5. ਪੁਸਤਕ ਪ੍ਰਕਾਸ਼ਨ ਸਾਲ.............................................................................................

6. ਕੀ ਪੁਸਤਕ ਮੌਲਿਕ ਹੈ? ............................................................................................

7. ਲੇਖਕ ਦਾ ਪੂਰਾ ਪਤਾ...............................................................................................

8. ਕੀ ਲੇਖਕ ਪੰਜਾਬ ਨਾਲ ਸਬੰਧਤ ਹੈ? (ਲੋੜੀਂਦਾ ਦਸਤਾਵੇਜ਼ ਦਿੱਤਾ ਜਾਵੇ).....................................

9. ਕੀ ਲੇਖਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਕੋਈ ਪੁਰਸਕਾਰ ਮਿਲਿਆ ਹੋਇਆ ਹੈ? ਹਾਂ। ਨਹੀਂ

ਜੇ ਹਾਂ ਤਾਂ ਵੇਰਵਾ ਦਿੱਤਾ ਜਾਵੇ.........................................................................................

10. ਕੀ ਲੇਖਕ ਨੂੰ ਭਾਸ਼ਾ ਵਿਭਾਗ ਪੰਜਾਬ ਤੋਂ ਕੋਈ ਪੁਰਸਕਾਰ ਮਿਲਿਆ ਹੈ? ਹਾਂ । ਨਹੀਂ

ਜੇਕਰ ਹਾਂ ਤਾਂ ਵੇਰਵਾ ਦਿੱਤਾ ਜਾਵੇ:

(ੳ) ਸਾਲ.................................... (ਅ) ਪੁਰਸਕਾਰ ਦਾ ਨਾਂ...............................................

(ੲ) ਪੁਸਤਕ ਦਾ ਨਾਂ...................................................................................................

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮੁਕਾਬਲੇ ਦੇ ਨਿਯਮ ਧਿਆਨ ਪੂਰਵਕ ਪੜ੍ਹ ਲਏ ਹਨ ਅਤੇ ਇਹਨਾਂ ਨਿਯਮਾਂ ਦੇ ਆਧਾਰ ਤੇ ਮੁਕਾਬਲੇ ਲਈ ਪੁਸਤਕ ਦੀਆਂ ਚਾਰ ਕਾਪੀਆਂ ਅਤੇ ਲੋੜੀਂਦੇ ਦਸਤਾਵੇਜ਼ ਭੇਜ ਰਿਹਾ ਹਾਂ।

ਬਿਨੈਕਾਰ ਦੇ ਹਸਤਾਖ਼ਰ..........................

ਲੇਖਕ/ਪ੍ਰਕਾਸ਼ਕ,ਜਾਂ ਕੋਈ ਹੋਰ.......................

ਮਿਤੀ............

ਪਤਾ ਮੋਬਾਈਲ ਨੰਬਰ ਸਮੇਤ......................